092 ਬਠਿੰਡਾ ਸ਼ਹਿਰੀ ਵਿਧਾਨ ਸਭਾ ਹਲਕਾ-ਕਮ-ਉਪ ਮੰਡਲ ਮੈਜਿਸਟਰੇਟ, ਬਠਿੰਡਾ
ਕਮਰਾ ਨੰ: 314 ਦੂਜੀ ਮੰਜਲ ਮਿੰਨੀ ਸਕੱਤਰੇਤ, ਬਠਿੰਡਾ।

ਫੋਨ ਨੰ: 0164-2212525
ਜਿੰਮੇਵਾਰ ਬਣੋ,ਵੋਟਰ ਬਣੋ
ਹੁਕਮ ਨੰ ....409..../2023 ਚੋਣਾਂ

Email:ero92bathindaurban@gmail.com
ਜਿੰਮੇਵਾਰ ਬਣੋ,ਵੋਟਰ ਬਣੋ
ਮਿਤੀ:....20./.7....../2023

ਵੱਲ

ਸਮੂਹ ਵਿਭਾਗਾਂ/ਦਫਤਰਾਂ ਦੇ ਮੁੱਖੀ,
ਬਠਿੰਡਾ।

ਵਿਸ਼ਾ:- **Special Summary Revision of Photo Electoral Rolls w.r.t. 01.01.2024 as the qualifying date programme-reg**

ਹਵਾਲਾ:- ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦਾ ਪੱਤਰ ਨੰ: ਚੋਣ-2023/812-17 ਮਿਤੀ: 23.6.2023

ਉਪਰਕੋਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ: 01.01.2024 ਦੇ ਆਧਾਰ ਤੇ Pre-Revesion Acitvities Schedule ਪ੍ਰਾਪਤ ਹੋਇਆ ਹੈ। ਜਿਸ ਅਨੁਸਾਰ ਮਿਤੀ: 21.07.2023 ਤੋਂ 21.08.2023 ਤੱਕ ਬੀ.ਐਲ.ਓਜ਼ ਦੁਆਰਾ ਡੋਰ ਟੂ ਡੋਰ ਸਰਵੇ ਕੀਤਾ ਜਾਣਾ ਹੈ ਅਤੇ ਫ਼ਾਰਮ ਨੰ: 6,6ਏ,7,8 ਅਤੇ 6ਬੀ ਭਰੇ ਜਾਣੇ ਹਨ। ਇਸ ਕੰਮ ਨੂੰ ਮਿੱਥੇ ਸਮੇਂ ਵਿੱਚ ਹਰ ਹਾਲ ਵਿੱਚ ਪੂਰਾ ਕੀਤਾ ਜਾਣ ਲਈ ਹਦਾਇਤਾਂ ਜਾਰੀ ਹੋਈਆਂ ਹਨ। ਇਸ ਤੋਂ ਇਲਾਵਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਬੀ.ਐਲ.ਓਜ਼ ਵੱਲੋਂ ਡੋਰ ਟੂ ਡੋਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦਿਆਂ ਇਸ ਅਵਧੀ ਦੌਰਾਨ ਸਮੂਹ ਟੀਚਿੰਗ/ਨਾਨ-ਟੀਚਿੰਗ ਸਟਾਫ਼, ਜਿਨ੍ਹਾਂ ਦੀ ਬਤੌਰ ਬੀ.ਐਲ.ਓ ਇਸ ਵਿਧਾਨ ਸਭਾ ਹਲਕੇ ਵਿੱਚ ਡਿਊਟੀ ਲੱਗੀ ਹੋਈ ਹੈ, ਨੂੰ ਉਕਤ ਸ਼ਡਿਊਲ ਅਨੁਸਾਰ ਦਿਨ ਮੰਗਲਵਾਰ ਅਤੇ ਵੀਰਵਾਰ ਨੂੰ (21.07.2023 ਤੋਂ 21.08.2023 ਤੱਕ) ਨੂੰ ਚੋਣ ਡਿਊਟੀ ਲਈ ਦਫ਼ਤਰੀ ਡਿਊਟੀ ਤੋ ਫ਼ਾਰਗ ਕੀਤਾ ਜਾਵੇ।ਇਨ੍ਹਾਂ ਹਦਾਇਤਾਂ ਨੂੰ ਆਪਣੇ ਵਿਭਾਗ/ਸਕੂਲ ਦੇ ਮੁੱਖੀਆਂ ਨੂੰ ਤੁਰੰਤ ਭੇਜੀਆਂ ਜਾਣ ਤਾਂ ਜੋ ਡੋਰ ਟੂ ਡੋਰ ਸਰਵੇ ਦੇ ਕੰਮ ਨੂੰ ਨਿਰਵਿਘਨ ਮੁਕੰਮਲ ਕੀਤਾ ਜਾ ਸਕੇ।

ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀ, ਜਿਨ੍ਹਾਂ ਦੀ 092 ਬਠਿੰਡਾ ਸ਼ਹਿਰੀ ਵਿਧਾਨ ਸਭਾ ਹਲਕੇ ਵਿਖੇ ਬਤੌਰ ਬੀ.ਐਲ.ਓ ਡਿਊਟੀ ਲੱਗੀ ਹੋਈ ਹੈ, ਨੂੰ ਹਦਾਇਤ ਕੀਤੀ ਜਾਵੇ ਕਿ ਉਹ ਮਿਤੀ: 21.08.2023 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨਗੇ ਅਤੇ ਸਬੰਧਤ ਸੁਪਰਵਾਈਜ਼ਰ ਨੂੰ ਰਿਪੋਰਟ ਭੇਜਣਾ ਯਕੀਨੀ ਬਣਾਉਣਗੇ।ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ ਲੱਗੀ ਹੈ ਅਤੇ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖ਼ਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐਲ.ਓ ਲੱਗਿਆ ਹੋਇਆ ਹੈ ਤਾਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ) ਬਠਿੰਡਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਬਠਿੰਡਾ ਸੰਬੰਧਿਤ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜ਼ਿੰਮੇਵਾਰ ਹੋਣਗੇ ਤਾਂ ਜੋ ਕੰਮ ਨੂੰ ਨਿਰਵਿਘਨਤਾ ਨਾਲ ਕੀਤਾ ਜਾ ਸਕੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾਂ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰ: ਮਿਤੀ:

ਇਸ ਦਾ ਇੱਕ ਉਤਾਰਾ:

1.ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿਤ ਭੇਜਿਆ ਜਾਂਦਾ ਹੈ ਜੀ।

ਸਹੀ/-

ਚੋਣਕਾਰ ਰਜਿਸਟਰੇਸ਼ਨ ਅਫ਼ਸਰ

**<u>ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ</u>**

ਪਿਠ ਅੰਕਣ ਨੰ : ਜੀ-1/1 ( ) 2023 / 4048 ਮਿਤੀ : 21/07/23

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ , ਜਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ ( ਸੈ.ਸਿ)
ਬਠਿੰਡਾ ।